**THE PUNJAB STATE BOARD OF TECHNICAL EDUCATION AND INDUSTRIAL TRAINING**
*PLOT NO. 1-A, SEC. 36-A, CHANDIGARH PH. : 615385, 622584-85 FAX : 660734*

ਨੰ: ਪੀਐਸਬੀਟੀਆਈਟੀ/2019/ 2673 ਮਿਤੀ: 5/12/2019

ਵੱਲ,

ਪ੍ਰਿੰਸੀਪਲ,
ਸਮੂਹ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ (ਅਪ੍ਰੈਂਟਿਸਸ਼ਿਪ ਸਕੀਮ ਅਧੀਨ),
ਪੰਜਾਬ ਰਾਜ ਅਧੀਨ।

**ਵਿਸ਼ਾ: ਆਗਾਮੀ ਅਪ੍ਰੈਂਟਿਸਸ਼ਿਪ ਪ੍ਰੀਖਿਆ ਦੀ ਰਜਿਸਟਰੇਸ਼ਨ ਅਤੇ ਪ੍ਰੀਖਿਆ ਫੀਸ ਲੈਣ ਸਬੰਧੀ।**

ਦੱਸਿਆ ਜਾਂਦਾ ਹੈ ਕਿ ਡੀ.ਜੀ.ਟੀ, ਨਵੀਂ ਦਿੱਲੀ ਦੁਆਰਾ ਪੱਤਰ ਨੰ: MSDE-18013/07/CIR/2019-TTC (ATS) ਮਿਤੀ: 27-11-2019 ਰਾਹੀਂ ਆਉਣ ਵਾਲੀ ਅਪ੍ਰੈਂਟਿਸਸ਼ਿਪ ਪ੍ਰੀਖਿਆ ਦਾ activity schedule ਭੇਜਿਆ ਗਿਆ ਸੀ ਜਿਸ ਦੀ ਸੂਚਨਾ ਸਮੂਹ ਅਪ੍ਰੈਂਟਿਸਸ਼ਿਪ ਸੰਸਥਾਵਾਂ ਨੂੰ ਪੱਤਰ ਬੋਰਡ ਦਫਤਰ ਦੀ ਵੈਬਸਾਈਟ ਤੇ Announcements ਵਿੱਚ ਅਪਲੋਡ ਕਰਕੇ ਦਿੱਤੀ ਜਾ ਚੁੱਕੀ ਹੈ।

ਉਕਤ ਪ੍ਰੀਖਿਆ ਵਿੱਚ ਅਪੀਅਰ ਹੋਣ ਵਾਲੇ ਰੈਗੂਲਰ ਸਿਖਿਆਰਥੀਆਂ ਲਈ ਜਮ੍ਹਾਂ ਕਰਵਾਈ ਜਾਣ ਵਾਲੀ ਰਜਿਸਟਰੇਸ਼ਨ ਅਤੇ ਪ੍ਰੀਖਿਆ ਫੀਸ ਅਤੇ ਰੀਅਪੀਅਰ ਸਿਖਿਆਰਥੀਆਂ ਲਈ ਜਮ੍ਹਾਂ ਕਰਵਾਈ ਜਾਣ ਵਾਲੀ ਪ੍ਰੀਖਿਆ ਫੀਸ ਦਾ ਵੇਰਵਾ ਨਿਮਨਅਨੁਸਾਰ ਹੈ:

| | | |
|---|---|---|
| ੳ) | ਰਜਿਸਟਰੇਸ਼ਨ ਫੀਸ (ਕੇਵਲ ਰੈਗੂਲਰ ਸਿਖਿਆਰਥੀਆਂ ਲਈ) | 150/- ਰੁਪਏ (100/- ਰੁਪਏ ਰਜਿਸਟਰੇਸ਼ਨ ਫੀਸ ਅਤੇ 50/- ਰੁਪਏ ਰਜਿਸਟਰੇਸ਼ਨ ਫਾਰਮ ਦੇ) |
| ਅ) | ਪ੍ਰੀਖਿਆ ਫੀਸ (ਰੈਗੂਲਰ ਅਤੇ ਰੀਅਪੀਅਰ ਸਿਖਿਆਰਥੀਆਂ ਲਈ ) | 560/- ਰੁਪਏ (510/- ਰੁਪਏ ਪ੍ਰੀਖਿਆ ਫੀਸ ਅਤੇ 50/- ਰੁਪਏ ਪ੍ਰੀਖਿਆ ਫਾਰਮ ਦੇ) |

<u>* ਬੋਰਡ ਆਫ ਡਾਇਰੈਕਟਰ ਦੀ 52ਵੀਂ ਮੀਟਿੰਗ ਦੀ ਅਜੰਡਾ ਆਈਟਮ ਨੰ: 52.11 ਅਨੁਸਾਰ ਸਾਲ 2017-18 ਲਈ 50/- ਰੁਪਏ ਪ੍ਰਤੀ ਸਮੈਸਟਰ ਪ੍ਰੀਖਿਆ ਫੀਸ ਵਧਾਉਣ ਦਾ ਫੈਸਲਾ ਲਿਆ ਹੈ ਅਤੇ ਇਸ ਉਪਰੰਤ ਹਰ ਸਾਲ 5% ਪ੍ਰੀਖਿਆ ਫੀਸ ਵਿੱਚ ਵਾਧਾ ਕੀਤਾ ਜਾਵੇਗਾ (10 ਰੁਪਏ ਤੱਕ ਰਾਊਂਡ ਆਫ)</u>

ਸੰਸਥਾਵਾਂ ਦੁਆਰਾ ਉਕਤ ਪ੍ਰੀਖਿਆ ਵਿੱਚ ਅਪੀਅਰ ਹੋਣ ਵਾਲੇ ਅਪ੍ਰੈਂਟਿਸਿਸ ਦੀ ਡਿਟੇਲ ਸਮੇਤ ਉਪਰੋਕਤ ਦਰਸਾਏ ਅਨੁਸਾਰ ਬਣਦੀ ਫੀਸ ਨਗਦ ਜਾਂ ਡਰਾਫਟ (in favour of Secretary, PSBTE) ਦੇ ਰੂਪ ਵਿੱਚ ਬੋਰਡ ਦਫਤਰ ਵਿਖੇ ਨਿੱਜੀ ਤੌਰ ਤੇ ਆ ਕੇ ਹੇਠ ਦਰਸਾਏ ਸ਼ਡਿਊਲ ਅਨੁਸਾਰ ਜਮ੍ਹਾਂ ਕਰਵਾਈ ਜਾਵੇਗੀ:

| ਬਿਨ੍ਹਾਂ ਲੇਟ ਫੀਸ ਬੋਰਡ ਦਫਤਰ ਵਿਖੇ ਫੀਸ ਜਮ੍ਹਾਂ ਕਰਵਾਉਣ ਦਾ ਸਮਾਂ | 1000/- ਰੁਪਏ ਲੇਟ ਫੀਸ ਨਾਲ ਬੋਰਡ ਦਫਤਰ ਵਿਖੇ ਫੀਸ ਜਮ੍ਹਾਂ ਕਰਵਾਉਣ ਦਾ ਸਮਾਂ | ਫੀਸ ਜਮ੍ਹਾਂ ਕਰਵਾਉਣ ਲਈ ਡਿਟੇਲ |
|---|---|---|
| 09-12-2019 ਤੋਂ 11-12-2019 ਤੱਕ | 13-12-2019 ਤੱਕ (ਇਸ ਮਿਤੀ ਤੋਂ ਬਾਦ ਕਿਸੇ ਵੀ ਅਪ੍ਰੈਂਟਿਸ ਦੀ ਫੀਸ ਜਮ੍ਹਾਂ ਨਹੀਂ ਕੀਤੀ ਜਾਵੇਗੀ।) | ਸੰਸਥਾਵਾਂ ਦੁਆਰਾ ਪ੍ਰੀਖਿਆ ਫੀਸ ਡਰਾਫਟ (in favour of Secretary, PSBTE&IT ) ਦੇ ਰੂਪ ਵਿੱਚ ਲੋੜੀਂਦੀ ਡਿਟੇਲ ਸਮੇਤ ਬੋਰਡ ਦਫਤਰ ਵਿਖੇ ਨਿੱਜੀ ਤੌਰ ਤੇ ਜਮ੍ਹਾਂ ਕਰਵਾਈ ਜਾਵੇਗੀ। |

ਉਪਰੋਕਤ ਸਬੰਧੀ ਪਹਿਲ ਦੇ ਆਧਾਰ ਤੇ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

05-12-19
ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:

1. ਪੀ.ਏ ਟੂ ਸਕੱਤਰ ਸਾਹਿਬ।
2. ਲੇਖਾ ਸ਼ਾਖਾ।
3. ਸਬੰਧਤ ਸੂਚਨਾ ਸਹਾਇਕ।